# 'ਚੱਟੂ' ਕਹਾਣੀ ਵਿੱਚ ਦੇਸ਼-ਵੰਡ ਦੇ ਮਸਲੇ

ਡਾ. ਮਨਪ੍ਰੀਤ ਕੌਰ, ਅਸਿਸਟੈਂਟ ਪ੍ਰੋਫ਼ੈਸਰ,

ਪੰਜਾਬੀ ਵਿਭਾਗ,

ਦੇਵ ਸਮਾਜ ਕਾਲਜ, ਫ਼ਾਰ ਵਿਮੈੱਨ, ਸੈਕਟਰ **45**-ਬੀ,

ਚੰਡੀਗੜ੍ਹ

ਸੁਖਵੰਤ ਕੌਰ ਮਾਨ ਰਚਨਾ ਸੰਸਾਰ ਦਾ ਅਧਿਐਨ ਕਰਦਿਆਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਭਾਵੇਂ ਉਸ ਨੇ ਸਾਹਿਤ ਦੀਆਂ ਕਈ ਵਿਧਾਵਾਂ ਮਸਲਨ ਨਾਵਲ, ਨਾਵਲਿਟ, ਬਾਲ ਸਾਹਿਤ ਅਤੇ ਕਾਵਿ ਕਹਾਣੀਆਂ ਉੱਪਰ ਵੀ ਕਲਮ ਅਜ਼ਮਾਈ, ਪਰ ਉਸ ਦੀ ਪ੍ਰਮੁੱਖ ਪਛਾਣ ਬਤੌਰ ਕਹਾਣੀਕਾਰ ਹੀ ਰਹੀ ਹੈ। ਆਪਣੇ ਸਮੇਂ ਅਤੇ ਸਥਾਨ ਦੇ ਹਲਾਤਾਂ ਨੂੰ ਉਸ ਨੇ ਡੂੰਘੀ ਨੀਝ ਨਾਲ ਪ੍ਰਤੱਖਿਆ। **1947** ਦੀ ਵੰਡ ਨਾਲ ਉਜੜਿਆ ਅਤੇ ਮੁੜ ਉਸਰਿਆ ਲਗਭਗ ਅੱਧੀ ਸਦੀ ਦਾ ਪੰਜਾਬ ਉਸ ਦੀ ਸਾਹਿਤ ਸੰਵੇਦਨਾ ਲਈ ਅਧਾਰ ਸਮੱਗਰੀ ਬਣਿਆ। ਉਸ ਦੀ ਸਾਹਿਤ ਸੰਵੇਦਨਾ ਹਰੇ ਇਨਕਲਾਬ, ਪੰਜਾਬ ਸੰਕਟ, **1984** ਦੰਗੇ ਅਤੇ ਵਿਸ਼ਵੀਕਰਨ ਦੀ ਜਕੜ ਵਿੱਚ ਆਏ ਪੰਜਾਬ 'ਤੇ ਡੂੰਘੀ ਪਕੜ ਰੱਖਦੀ ਹੈ। ਉਸ ਦੀਆਂ ਕਹਾਣੀਆਂ ਵਿੱਚ ਪੇਸ਼ ਸਭਿਆਚਾਰਕ ਰੂਪਾਂਤਰਣ ਨੂੰ ਇਨ੍ਹਾਂ ਵਰਤਾਰਿਆਂ ਦੇ ਹਵਾਲਿਆਂ ਨਾਲ ਵਿਚਾਰਿਆ ਗਿਆ ਹੈ।

ਸੁਖਵੰਤ ਕੌਰ ਮਾਨ ਦੀ ਸਾਹਿਤ ਰੁਚੀ ਨੂੰ ਨਿਰਧਾਰਿਤ ਕਰਨ ਵਿੱਚ ਉਸ ਦੇ ਦਾਦਾ ਜੀ ਦੇ ਪੜ੍ਹਨ ਦੇ ਸ਼ੌਕ ਨੇ ਹੁਲਾਰਾ ਦਿੱਤਾ। ਘਰ ਵਿੱਚ ਆਉਂਦੇ ਉਰਦੂ ਮੈਗਜ਼ੀਨਾਂ ਤੋਂ ਉਸ ਨੇ ਸਾਹਿਤ ਪੜ੍ਹਨ ਦੀ ਸ਼ੁਰੂਆਤ ਕੀਤੀ। ਕਾਲਜ ਪੜ੍ਹਦਿਆਂ ਪ੍ਰਿੰ. ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ ਅਤੇ ਕੁਲਵੰਤ ਸਿੰਘ ਵਿਰਕ ਸਮਰੱਥ ਸਾਹਿਤਕਾਰਾਂ ਨਾਲ ਮੇਲ-ਜੋਲ ਨੇ ਅਤੇ ਰੂਸੀ ਅਤੇ ਅੰਗਰੇਜ਼ੀ ਲੇਖਕਾਂ ਗੋਰਕੀ, ਦੋਸਤੋਵਸਕੀ, ਮਿਲਟਨ, ਸ਼ੈਕਸਪੀਅਰ, ਰੂਸੋ, ਬਾਇਰਨ ਤੇ ਕਿਪਲਿੰਗ ਵਰਗੇ ਸ਼ਾਇਰਾਂ ਨੂੰ ਉਸ ਨੇ ਬੜੇ ਦਿਲ ਨਾਲ ਪੜ੍ਹਿਆ ਜੋ ਉਸ ਦੀ ਸਾਹਿਤ ਸਿਰਜਣਾ ਵਿੱਚ ਪ੍ਰੇਰਕ ਸਾਬਿਤ ਹੋਏ।

CGCTA

ਸੁਖਵੰਤ ਕੌਰ ਮਾਨ ਨੇ ਕਿਸਾਨੀ ਜੀਵਨ ਦੀ ਯਥਾਰਥਕ ਪੇਸ਼ਕਾਰੀ ਦੇ ਨਾਲ-ਨਾਲ **1947** ਦੀ ਦੇਸ਼ ਵੰਡ ਦੌਰਾਨ ਉੱਜੜ ਕੇ ਵਸੇ ਪੰਜਾਬ ਦੀ ਸਥਿਤੀ ਦਾ ਬਾਖ਼ੂਬੀ ਵਰਨਣ ਵੀ ਕੀਤਾ ਹੈ। ਉਸ ਦੀਆਂ ਕਹਾਣੀਆਂ ਵਿੱਚ ਉਜਾੜੇ ਦੇ ਪ੍ਰਭਾਵ ਸਿਰਜੇ ਗਏ ਹਨ। ਗੱਡਿਆਂ ਉੱਤੇ ਸਾਮਾਨ ਲੱਦ ਕੇ ਕਾਫ਼ਲਿਆਂ ਦੇ ਰੂਪ ਵਿੱਚ ਉਜੜਦੇ ਪੰਜਾਬੀ, ਪੇਟੀਆਂ-ਭਾਂਡਿਆਂ ਦੇ ਭਰੇ ਘਰ ਛੱਡ ਤੁਰਦੀਆਂ ਔਰਤਾਂ, ਆਪਣਿਆਂ ਲਈ ਰੋਂਦੀਆਂ ਔਰਤਾਂ, ਟਰੰਕਾਂ ਦੇ ਵਿੱਚ ਪਏ ਕੀਮਤੀ ਕੱਪੜਿਆਂ ਅਤੇ ਕੀਮਤੀ ਸਾਮਾਨ ਨੂੰ ਯਾਦ ਕਰਕੇ ਹੌਕੇ ਲੈਂਦੀਆਂ ਔਰਤਾਂ ਉਸ ਦੀਆਂ ਕਹਾਣੀਆਂ ਦੀਆਂ ਯਾਦਗਾਰੀ ਪਾਤਰ ਬਣਦੀਆਂ ਹਨ। ਉਹ ਵੰਡ ਦੇ ਦੁਖਾਂਤ 'ਤੇ ਵਿਅੰਗ ਕਰਦੀ ਹੋਈ ਮਨੁੱਖਤਾ ਅੰਦਰ ਛੁਪੇ ਹੋਏ ਸ਼ੈਤਾਨ ਦੀ ਗੱਲ ਕਰਦੀ ਹੈ। ਦੇਸ਼ ਵੰਡ ਤੋਂ ਬਾਅਦ **1984** ਦੇ ਮਜ਼ਹਬੀ ਦੰਗਿਆਂ ਦੀ ਮਾਰ ਹੇਠ ਆਏ ਪੰਜਾਬੀਆਂ ਦੇ ਦਰਦ ਨੂੰ ਉਹ ਬੜੀ ਸ਼ਿੱਦਤ ਨਾਲ ਬਿਆਨ ਕਰਦੀ ਹੈ। ਉਸ ਵੇਲੇ ਦੀ ਹਰ ਪਾਸੇ ਮਾਰ-ਵੱਢ, ਘਰਾਂ ਤੇ ਦੁਕਾਨਾਂ, ਫ਼ੈਕਟਰੀਆਂ ਦਾ ਫੂਕਿਆ ਜਾਣਾ, ਔਰਤਾਂ ਦੀ ਕੀਤੀ ਗਈ ਬੇਪੱਤੀ, ਮਾਸੂਮ ਬੱਚਿਆਂ ਦੇ ਕਤਲ ਅਤੇ ਜਵਾਨ ਕੁੜੀਆਂ ਦਾ ਆਪਣੀ ਇੱਜ਼ਤ ਬਚਾਉਣ ਲਈ ਇੱਧਰ-ਉੱਧਰ ਹੱਥ ਮਾਰਨ ਦਾ ਬੜਾ ਮਾਰਮਿਕ ਚਿਤਰਨ ਸੁਖਵੰਤ ਕੌਰ ਦੀਆਂ ਕਹਾਣੀਆਂ ਵਿੱਚ ਮਿਲਦਾ ਹੈ।

ਸੁਖਵੰਤ ਕੌਰ ਮਾਨ ਦੀ ਕਲਾਕਾਰੀ ਅੱਖ ਨੇ ਤਿੰਨ ਉਜਾੜਿਆਂ - **1947** ਦੀ ਦੇਸ਼ ਵੰਡ, ਪੰਜਾਬ ਸੰਕਟ ਅਤੇ **1984** ਦੇ ਦੰਗਿਆਂ ਦੌਰਾਨ ਸਦਮੇ ਵਿੱਚ ਆਈ ਪੰਜਾਬੀ ਲੋਕਾਈ ਦੀ ਭੈਭੀਤ ਮਾਨਸਿਕਤਾ ਨੂੰ ਗਹਿਰਾਈ ਨਾਲ ਪ੍ਰਤੱਖਿਆ ਹੈ। ਇਨ੍ਹਾਂ ਤਿੰਨਾਂ ਉਜਾੜਿਆਂ ਨੇ ਸਰਬ ਸਾਂਝੀ ਪੰਜਾਬੀਅਤ ਨੂੰ ਵਿਆਪਕ ਪੱਧਰ 'ਤੇ ਝੰਜੋੜਿਆ। ਹਰ ਬੰਦੇ ਨੂੰ ਆਪਣੇ ਹਿੱਸੇ ਦਾ ਸੰਤਾਪ ਭੋਗਣਾ ਪਿਆ। ਮੌਤ ਕੋਲੋਂ ਬਚ ਗਏ ਇਨਸਾਨ ਵਿੱਚ ਜਿਊਣ ਦੀ ਚਾਹਨਾ, ਅਤਿ ਦੁਖਾਂਤਕ ਸਮਿਆਂ ਵਿੱਚ ਕਿਣਕੇ ਦਾ ਸਹਾਰਾ ਲੈ ਕੇ ਜਿਊਂਦੇ ਹੋਣ ਦੀ ਤਸੱਲੀ ਤੇ ਮੁੜ ਨਵੇਂ ਸਿਰਿਉਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦੀ ਇੱਛਾ ਉਸ ਦੀ ਕਥਾ ਸੰਵੇਦਨਾ ਦੀ ਅਹਿਮ ਅੰਤਰਦ੍ਰਿਸ਼ਟੀ ਹੈ।

ਇਸ ਦੀ ਸਾਹਿਤ ਸੰਵੇਦਨਾ ਨੂੰ ਨਿਰਧਾਰਿਤ ਕਰਨ ਵਿੱਚ ਦੁਨੀਆਂ ਭਰ ਦੀਆਂ ਪ੍ਰਤਿਭਾਵਾਂ ਨੇ ਵੱਡਾ ਰੋਲ ਅਦਾ ਕੀਤਾ। ਆਪਣੇ ਸਮੇਂ ਅਤੇ ਸਥਾਨ ਦੀਆਂ ਹਾਲਤਾਂ ਨੂੰ ਉਸ ਨੇ ਡੂੰਘੀ ਨੀਝ ਨਾਲ ਪ੍ਰਤੱਖਿਆ। **1947** ਦੀ ਵੰਡ ਨਾਲ ਉਜੜਿਆ ਤੇ ਮੁੜ ਉਸਰਿਆ ਪੰਜਾਬ ਉਸ ਦੀ ਸਾਹਿਤ ਸੰਵੇਦਨਾ ਲਈ ਅਧਾਰ ਸਮੱਗਰੀ ਬਣਿਆ। ਇਸ ਤ੍ਰਾਸਦੀ

CGCTA

ਵਿੱਚੋਂ ਲੰਘੇ ਪੰਜਾਬ ਅਤੇ ਵਿਸ਼ਵੀਕਰਨ ਦੀ ਜਕੜ ਵਿੱਚ ਆਏ ਪੰਜਾਬ 'ਤੇ ਵੀ ਡੂੰਘੀ ਪਕੜ ਰੱਖਦੀ ਹੈ। ਉਸ ਦੀਆਂ ਕਹਾਣੀਆਂ ਵਿੱਚ ਪੰਜਾਬ ਦੇ ਸਭਿਆਚਾਰਕ ਰੂਪਾਂਤਰਣ ਨੂੰ ਬਾਖ਼ੂਬੀ ਦੇਖਿਆ ਜਾ ਸਕਦਾ ਹੈ।

**1947** ਦੀ ਭਾਰਤ ਪਾਕਿਸਤਾਨ ਵੰਡ ਇੱਕ ਅਜਿਹੀ ਰਾਜਨੀਤਿਕ ਅਤੇ ਇਤਿਹਾਸਕ ਘਟਨਾ ਸੀ, ਜਿਸ ਨੇ ਰਾਜਨੀਤਕ ਤੌਰ 'ਤੇ ਸੱਤਾ ਦਾ ਵਿਭਾਜਨ ਤਾਂ ਕੀਤਾ ਹੀ ਸੀ, ਪਰੰਤੂ ਸਾਂਝੇ ਮੁਲਕ ਵਿੱਚ ਵਸਦੇ ਲੋਕਾਂ ਨੂੰ ਵੀ ਆਪਸ ਵਿੱਚ ਵੰਡ ਦਿੱਤਾ ਸੀ। ਪੰਜਾਬ ਦੀ ਵੰਡ, **1947** ਵਿੱਚ ਇਸ ਨੂੰ ਦੋ ਹਿੱਸਿਆਂ - ਪੂਰਬੀ ਤੇ ਪੱਛਮੀ ਪੰਜਾਬ ਵਿੱਚ ਵੰਡੇ ਜਾਣ ਨਾਲ ਹੋਈ।

**1947** ਨੂੰ ਹਿੰਦੁਸਤਾਨ ਦੀ ਅਜ਼ਾਦੀ ਦਾ ਨਿਰਣਾ ਵੀ ਲੈ ਲਿਆ ਗਿਆ। ਹਿੰਦੁਸਤਾਨ ਨੂੰ ਟੁਕੜਿਆਂ ਵਿੱਚ ਵੰਡ ਕੇ ਅੰਗਰੇਜ਼ ਆਪਣੀ ਕੂਟਨੀਤੀ ਵਿੱਚ ਸਫਲ ਹੋਏ। ਪੰਜਾਬ ਦੀ ਗੁਰੂਆਂ, ਪੀਰਾਂ, ਪੈਗ਼ੰਬਰਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਉੱਤੇ ਫ਼ਿਰਕਾਪ੍ਰਸਤੀ ਦੀ ਅਜਿਹੀ ਹਨੇਰੀ ਝੁੱਲੀ ਕਿ ਫ਼ਿਜ਼ਾ ਵਿੱਚ ਨਫ਼ਰਤ ਤੇ ਹਿੰਸਾ ਫੈਲ ਗਈ। ਇਨਸਾਨੀਅਤ, ਮਾਨਵਤਾ, ਪਿਆਰ ਤੇ ਸਹਿਣਸ਼ੀਲਤਾ ਖ਼ਤਮ ਹੋ ਗਈ। ਲੋਕਾਂ ਦੀ ਸਦੀਆਂ ਪੁਰਾਣੀ ਆਪਸੀ ਸਾਂਝ ਦੇ ਕਤਲ ਹੋਏ। ਇਸ ਤਰ੍ਹਾਂ ਪੰਜਾਬ ਦੇ ਪ੍ਰਸੰਗ ਵਿੱਚ ਦੇਸ਼ ਦੀ ਆਜ਼ਾਦੀ ਦਾ ਮਸਲਾ ਹਿੰਦੂ, ਮੁਸਲਮਾਨਾਂ ਤੇ ਸਿੱਖ ਫ਼ਿਰਕਿਆਂ ਦੀ ਕੁਰਸੀ ਤੇ ਸੱਤਾ ਦਾ ਸਵਾਲ ਬਣ ਗਿਆ। ਇਨ੍ਹਾਂ ਤਿੰਨਾਂ ਧਰਮਾਂ ਦੀ ਅਗਵਾਈ ਕਰ ਰਹੀਆਂ ਰਾਜਨੀਤਕ ਪਾਰਟੀਆਂ ਨੇ ਆਪੋ-ਆਪਣੀ ਸੱਤਾ ਨੂੰ ਬਣਾਈ ਰੱਖਣ ਤੇ ਕੁਰਸੀ ਨੂੰ ਬਚਾਉਣ ਲਈ ਦੇਸ਼ ਦੀ ਵੰਡ ਕਰਨ ਨੂੰ ਤਰਜੀਹ ਦਿੱਤੀ। ਫਿਰ ਇਸ ਦੇਸ਼ ਵੰਡ ਨਾਲ ਸ਼ੁਰੂ ਹੁੰਦਾ ਹੈ ਫ਼ਿਰਕੂ ਦੰਗਿਆਂ ਦਾ ਵਹਿਸ਼ੀਪਣ ਤੇ ਨਾ ਭੁੱਲਣਯੋਗ ਦੌਰ, ਜਿਸ ਕਰਕੇ ਲੱਖਾਂ ਲੋਕ ਉੱਜੜ ਗਏ। ਚਿਰਾਂ ਤੋਂ ਫ਼ਿਰਕਿਆਂ ਵਿਚਲੀ ਸਮਾਜਿਕ-ਭਾਈਚਾਰਕ ਭਾਵਨਾ, ਸਾਂਝ ਖੰਭ ਲਾ ਕੇ ਉੱਡ ਗਈ। ਕੇਵਲ ਧਰਮ ਦੇ ਨਾਂ 'ਤੇ ਬਣੇ ਰਾਸ਼ਟਰਾਂ ਵਿੱਚ ਲੱਖਾਂ ਲੋਕਾਂ ਨੂੰ ਆਪਣੀ ਇੱਜ਼ਤ ਤੇ ਜਾਨ ਗਵਾਉਣੀ ਪਈ।

ਸੱਠ ਲੱਖ ਲੋਕ ਪੱਛਮੀ ਪੰਜਾਬ ਤੋਂ ਆਏ ਅਤੇ ਪੈਂਹਠ ਲੱਖ ਭਾਰਤ ਤੋਂ ਉੱਧਰ ਗਏ। ਪੰਜਾਬ ਦੇ ਇਤਿਹਾਸ ਵਿੱਚ ਇੰਨੇ ਵੱਡੇ ਪੈਮਾਨੇ 'ਤੇ ਅਬਾਦੀ ਦੇ ਵਟਾਂਦਰੇ ਦੀ ਕੋਈ ਮਿਸਾਲ ਨਹੀਂ ਮਿਲਦੀ।[1]

**1947** ਦੇ ਘੱਲੂਘਾਰੇ ਬਾਰੇ ਕਰਮ ਸਿੰਘ ਲਿਖਦੇ ਹਨ**:**

CGCTA

ਡੇਢ ਕੁ ਹਫ਼ਤੇ ਅੰਦਰ ਲਗਭਗ ਵੀਹ ਹਜ਼ਾਰ ਆਦਮੀ ਮਾਰੇ ਗਏ ਤੇ ਪੰਜਾਹ ਸੱਠ ਹਜ਼ਾਰ ਫੱਟੜ ਹੋਏ। ਬਹੁਤ ਸਾਰੇ ਮਕਾਨ ਲੁੱਟੇ ਅਤੇ ਸਾੜੇ ਗਏ। ਇਸੇ ਕਾਰਨ **70-80** ਹਜ਼ਾਰ ਲੋਕ ਬੇਘਰ ਹੋਏ।[2]

ਸੁਖਵੰਤ ਕੌਰ ਮਾਨ ਦੀ ਸਾਹਿਤ ਸੰਵੇਦਨਾ ਲਈ ਪਹਿਲੀ ਚੁਣੌਤੀ ਇਹ ਬਟਵਾਰਾ ਹੀ ਬਣਿਆ। ਇਸ ਮੌਕੇ ਉਸ ਦੀ ਉਮਰ **10** ਸਾਲ ਦੀ ਸੀ ਅਤੇ ਉਹ ਆਪਣੇ ਪਰਿਵਾਰ ਨਾਲ ਭਾਰਤ ਪਾਕਿਸਤਾਨ ਵੰਡ ਸਮੇਂ ਪਾਕਿਸਤਾਨ ਵਿਖੇ ਆਪਣਾ ਵਸਿਆ ਰਸਿਆ ਘਰ, ਖੁੱਲ੍ਹੀ-ਡੁੱਲ੍ਹੀ ਜ਼ਮੀਨ ਛੱਡ ਕੇ ਅਤੇ ਕਈ ਤਰ੍ਹਾਂ ਦੀਆਂ ਮੁਸੀਬਤਾਂ ਤੇ ਦਹਿਸ਼ਤ ਸਹਿੰਦੇ ਹੋਏ ਲੁਧਿਆਣੇ ਪੁੱਜੀ। ਉਸ ਦੇ ਮਾਪਿਆਂ ਨੂੰ **90** ਵਿੱਘੇ ਜ਼ਮੀਨ ਅਲਾਟ ਹੋਈ, ਜੋ ਕਿ ਬੇ-ਅਬਾਦ ਪਈ ਸੀ। ਉਸ ਦੇ ਪਿਤਾ ਨੇ ਇਹ ਜ਼ਮੀਨ ਲੈਣ ਤੋਂ ਇਨਕਾਰ ਕਰ ਦਿੱਤਾ। ਸੁਖਵੰਤ ਕੌਰ ਮਾਨ ਨੇ ਵੰਡ ਸਮੇਂ ਹੋਏ ਫ਼ਿਰਕੂ ਫ਼ਸਾਦਾਂ, ਵੱਢ-ਟੁੱਕ, ਲੁੱਟਾਂ-ਖੋਹਾਂ ਭਰੇ ਮਾਹੌਲ ਨੂੰ ਦੇਖਿਆ, ਜੋ ਉਸ ਦੇ ਬਾਲ ਮਨ ਉੱਪਰ ਅਜਿਹਾ ਉਕਰਿਆ ਗਿਆ ਕਿ ਉਸ ਦੀਆਂ ਕਈ ਕਹਾਣੀਆਂ ਵਿੱਚ ਉਜਾੜੇ ਦੇ ਗੂੜ੍ਹੇ ਦ੍ਰਿਸ਼ ਦੇਖੇ ਜਾ ਸਕਦੇ ਹਨ। ਡਾ. ਧਨਵੰਤ ਕੌਰ ਲਿਖਦੇ ਹਨ:

ਸੁਖਵੰਤ ਕੌਰ ਮਾਨ ਦੀ ਸਾਹਿਤ ਸੰਵੇਦਨਾ ਦਾ ਵਿਚਾਰਧਾਰਕ ਅਧਾਰ **1947** ਦੀ ਭਾਰਤ ਪਾਕਿਸਤਾਨ ਵੰਡ ਨੂੰ ਪੰਜਾਬ ਦੇ ਇਤਿਹਾਸ ਵਿੱਚ ਇੱਕ ਇਤਿਹਾਸਕ, ਸਮਾਜਿਕ, ਆਰਥਿਕ, ਸਭਿਆਚਾਰਕ ਕੱਟ ਵਜੋਂ ਲਕਸ਼ਿਤ ਕਰਨ ਦੀ ਪਰਿਪੇਖ ਸੋਝੀ ਵਿੱਚੋਂ ਮਿਥਿਆ ਜਾ ਸਕਦਾ ਹੈ। ਉਸ ਦੀ ਕਥਾ ਸੰਵੇਦਨਾ ਵਿੱਚ ਇਹ ਘਟਨਾ ਇੱਕ ਘਟਨਾ ਨਾ ਰਹਿ ਕੇ ਇੱਕ ਪਰਿਪੇਖ ਬਣਦੀ ਹੈ।[3]

ਸੁਖਵੰਤ ਕੌਰ ਮਾਨ ਦੀਆਂ ਚੱਟੂ, ਜਿੱਤ, ਕਾਣਾ, ਦਿਉ, ਸੱਪ ਤੇ ਸ਼ਹਿਰ, ਚਾਦਰ ਹੇਠਲਾ ਬੰਦਾ, ਦੇਰ ਆਇਦ ਦਰੁਸਤ ਆਇਦ ਵਰਗੀਆਂ ਜ਼ਿਕਰਯੋਗ ਕਹਾਣੀਆਂ ਵਿੱਚ **1947** ਦੀ ਵੰਡ ਦਾ ਬਿਰਤਾਂਤ ਮਿਲਦਾ ਹੈ। ਦੇਸ਼ ਵੰਡ ਨਾਲ ਸੰਬੰਧਤ ਉਸ ਦੀ ਸਭ ਤੋਂ ਮਹੱਤਵਪੂਰਨ ਕਹਾਣੀ 'ਚੱਟੂ' ਹੈ, ਜਿਸ ਵਿੱਚ **1947** ਦੀ ਵੰਡ ਸਮੇਂ ਏਧਰਲੇ ਪੰਜਾਬ ਵਿੱਚੋਂ ਲੱਖਾਂ ਲੋਕਾਂ ਦੇ ਉਜਾੜੇ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ।

ਦੇਸ਼ ਵੰਡ ਨਾਲ ਸੰਬੰਧਤ ਉਸ ਦੀ ਸਭ ਤੋਂ ਮਹੱਤਵਪੂਰਨ ਕਹਾਣੀ 'ਚੱਟੂ' ਹੈ, ਜਿਸ ਵਿੱਚ **1947** ਦੀ ਵੰਡ ਸਮੇਂ ਏਧਰਲੇ ਉਧਰਲੇ ਪੰਜਾਬ ਵਿੱਚੋਂ ਲੱਖਾਂ ਲੋਕਾਂ ਦੇ ਉਜਾੜੇ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਵਿੱਚ **1947**

CGCTA

ਦੀ ਵੰਡ ਦੀਆਂ ਇਤਿਹਾਸਕ, ਰਾਜਨੀਤਕ ਜਾਂ ਸਭਿਆਚਾਰਕ ਨੀਤੀਆਂ ਨੂੰ ਫਰੋਲਣ ਨਾਲੋਂ ਜ਼ਿਆਦਾ ਸੁਖਵੰਤ ਕੌਰ ਮਾਨ ਦਾ ਫ਼ੋਕਸ ਉਜਾੜੇ ਦਾ ਸੰਤਾਪ ਹੰਢਾਉਂਦੇ ਲੋਕਾਂ ਦੀ ਮਾਨਸਿਕਤਾ 'ਤੇ ਹੈ। ਮਸਲਨ ਕਹਾਣੀ ਵਿੱਚ ਵਕਤਾ ਦਾ ਕਥਨ ਹੈ:

ਉਹਨੀਂ ਦਿਨੀਂ ਕੋਈ ਵੀ ਕਿਸੇ ਨਾਲ ਅਫ਼ਸੋਸ ਨਾ ਕਰਦਾ। ਜਿਦ੍ਹਾ ਕੋਈ ਮਰ ਜਾਂਦਾ ਆਪੇ ਰੋ ਧੋ ਕੇ ਚੁੱਪ ਕਰ ਜਾਂਦਾ।[4]

ਇਹ ਕਹਾਣੀ ਦਰਸਾਉਂਦੀ ਹੈ ਕਿ ਉਜਾੜੇ ਦੀ ਸੰਕਟਕਾਲੀਨ ਸਥਿਤੀ ਵਿੱਚ ਕਿਵੇਂ ਗੱਡੀਆਂ ਵਿੱਚ ਤੁੰਨੇ ਲੋਕ ਇੱਧਰੋਂ ਉੱਧਰ ਤੇ ਉੱਧਰੋਂ ਇੱਧਰ ਆ ਰਹੇ ਸਨ। ਚਾਰੇ ਪਾਸੇ ਮਾਰ-ਧਾੜ, ਕਤਲੋਗਾਰਦ ਤੇ ਅੱਗਾਂ ਦਾ ਵਾਤਾਵਰਨ ਸੀ। ਘਰੋਂ ਬੇਘਰ ਹੋਏ ਖ਼ੌਫ਼ਜ਼ਦਾ ਲੋਕ ਆਪਣੇ ਸੁਰੱਖਿਅਤ ਟਿਕਾਣੇ ਦੀ ਭਾਲ ਵਿੱਚ ਭਟਕ ਰਹੇ ਸਨ। ਪਿੱਛੇ ਰਹਿ ਗਏ ਘਰਾਂ ਤੇ ਘਰਾਣਿਆਂ ਦੀ ਮਨਾਂ ਵਿੱਚ ਡਾਢੀ ਪੀੜਾ ਹੌਕੇ ਤੇ ਉਦਾਸੀ ਸੀ। ਉਸ ਸਮੇਂ ਦਾ ਅੱਖੀਂ ਡਿੱਠਾ ਹਾਲ ਬਿਆਨਦਿਆਂ ਉਹ ਲਿਖਦੀ ਹੈ:

ਜਦੋਂ ਕੋਈ ਗੱਡੀ ਲੰਘਦੀ ਤਾਂ ਸੋਟੀਆਂ ਨਾਲ ਟੰਗੇ ਹੋਏ ਸਿਲਵਰ ਦੇ ਪਤੀਲੇ ਤੇ ਛੱਜ ਬਾਰੀਆਂ ਤੋਂ ਬਾਹਰ ਲਟਕ ਰਹੇ ਹੁੰਦੇ। ਮੈਲੇ ਕੁਚੈਲੇ, ਤੰਬੇ, ਧੋਤੀਆਂ ਪਾਈ ਪੂਰਬੀ ਪੰਜਾਬ ਤੋਂ ਆਏ ਮੁਸਲਮਾਨ ਖਿੜਕੀਆਂ ਤੋਂ ਬਾਹਰ ਤਾਈਂ ਪਲਮੇ ਪਏ ਹੁੰਦੇ। ਫਿਰ ਇਕਦਮ 'ਤੜਾ ਤੜ ਤੜਾ ਤੜ' ਸ਼ੁਰੂ ਹੋ ਜਾਂਦੀ। ਲੋਕ ਗੱਡੀਆਂ ਮਗਰ ਲੁਕ ਜਾਂਦੇ, ਧਰਤੀ 'ਤੇ ਲੰਮੇ ਪੈ ਜਾਂਦੇ, ਫਿਰ ਅਚਾਨਕ ਕੋਈ ਡਿੱਗਦਾ ਤੇ ਮਰ ਜਾਂਦਾ।[5]

ਇਸ ਕਹਾਣੀ ਵਿੱਚ ਇੱਕ ਸਿੱਖ ਪਰਿਵਾਰ ਪਾਕਿਸਤਾਨੋਂ ਉੱਜੜ ਕੇ ਏਧਰਲੇ ਪਾਸੇ ਆਪਣਾ ਪਹਿਲਾ ਟਿਕਾਣਾ ਅੰਮ੍ਰਿਤਸਰ ਦੇ ਇੱਕ ਪਿੰਡ ਵਿੱਚ ਏਧਰੋਂ ਉੱਜੜ ਗਏ ਇੱਕ ਮੁਸਲਮਾਨ ਦੇ ਘਰ ਕਰਦਾ ਹੈ। ਇਹ ਸਥਿਤੀ ਏਨੀ ਸੰਕਟਗ੍ਰਸਤ ਸੀ ਕਿ ਲੋਕਾਂ ਨੂੰ ਆਪਣੇ ਵਸਦੇ ਰਸਦੇ ਘਰ ਛੱਡ ਕੇ ਅਚਾਨਕ ਆਪਣੀ ਜਾਨ ਬਚਾ ਕੇ ਨਿਕਲ ਜਾਣ ਲਈ ਮਜਬੂਰ ਹੋਣਾ ਪਿਆ। ਦੋਨੋਂ ਪਾਸੇ ਉਜੜੇ ਘਰਾਂ ਨੂੰ ਲੁੱਟਿਆ ਜਾ ਰਿਹਾ ਸੀ। ਇਸ ਪਰਿਵਾਰ ਨੂੰ ਇੱਧਰੋਂ ਉੱਜੜ ਕੇ ਗਏ ਇੱਕ ਮੁਸਲਮਾਨ ਲੁਹਾਰ ਦੇ ਘਰ ਟਿਕਾਣਾ ਮਿਲਦਾ ਹੈ, ਜਿਸ ਵਿੱਚ ਇੱਕ ਟੁੱਟਾ ਚਰਖਾ, ਇੱਕ ਚੱਕੀ ਤੇ ਪੁਰਾਣਾ ਜਿਹਾ ਲੱਕੜ ਦਾ ਚੱਟੂ ਪਿਆ ਹੈ। ਪਹਿਲੀ ਵਾਰ ਇਹ ਪਰਿਵਾਰ ਉਸ ਚੱਟੂ ਵਿੱਚ ਲੂਣ ਮਿਰਚਾਂ ਕੁੱਟ ਕੇ

CGCTA

ਆਪਣੇ ਪੇਟ ਦੀ ਅੱਗ ਬੁਝਾਉਂਦਾ ਹੈ। ਕਹਾਣੀ ਦੇ ਕੁਝ ਵਾਕ ਇਨ੍ਹਾਂ ਲੋਕਾਂ ਦੀ ਵਿਅਥਾ ਨੂੰ ਬੜੇ ਮਾਰਮਿਕ ਢੰਗ ਨਾਲ ਪੇਸ਼ ਕਰ ਜਾਂਦੇ ਹਨ:

ਮਾਂ ਨੇ ਪਿੱਛੀ ਕੋਠੜੀ 'ਚ ਖਿਲਰੀਆਂ ਲਾਲ ਮਿਰਚਾਂ ਚੁਣ ਲਈਆਂ ਸਨ, ਜੋ ਕਾਹਲੀ ਨਾਲ ਕਿਸੇ ਲੁਟੇਰੇ ਤੋਂ ਡੁੱਲ੍ਹ ਗਈਆਂ ਸਨ। ਵਿਹੜੇ 'ਚ ਰਿੜ੍ਹਦਾ ਜਿਹਾ ਇਹ ਚੱਟੂ ਮਾਂ ਨੇ ਚੁੱਕ ਲਿਆ ਸੀ। ਦਾਦੀ ਲੱਸੀ ਪਤਾ ਨਹੀਂ ਕਿੱਥੋਂ ਮੰਗ ਲਿਆਈ ਸੀ। ਲਾਲ ਮਿਰਚਾਂ 'ਚ ਲੂਣ ਸੁੱਟ ਰਗੜ ਲਿਆ ਸੀ। ਲੱਸੀ 'ਚ ਲੂਣ ਮਿਰਚਾਂ ਘੋਲੀਆਂ ਗਈਆਂ। ਦਾਦੀ ਉਸ ਨੂੰ ਲਸਮ ਪੁਲਾਅ ਆਖ ਰਹੀ ਸੀ... ਲਸਮ ਪੁਲਾਅ ਨਾਲ ਸੁੱਕੀਆਂ ਰੋਟੀਆਂ ਬਹੁਤ ਸਵਾਦ ਲੱਗ ਰਹੀਆਂ ਸਨ।[6]

ਇਸ ਵੰਡ ਨਾਲ ਉਜੜੇ, ਉੱਖੜੇ ਤੇ ਬੇਘਰੇ ਹੋਏ ਲੋਕਾਂ ਦਾ ਸੰਤਾਪ ਬਹੁਪਰਤੀ ਸੀ। ਨਿਤਾਪ੍ਰਤੀ ਨਵੀਂ ਤੋਂ ਨਵੀਂ ਸਮੱਸਿਆ ਉਨ੍ਹਾਂ ਦਾ ਰਾਹ ਘੇਰ ਖਲੋਂਦੀ ਤੇ ਉਨ੍ਹਾਂ ਲੋਕਾਂ ਨੂੰ ਉਜੜੇ ਹੋਣ ਦਾ ਅਹਿਸਾਸ ਕਰਵਾਉਂਦੀ। ਉਜਾੜੇ ਨੇ ਇਨ੍ਹਾਂ ਲੋਕਾਂ ਨੂੰ ਜੱਦੀ ਪੁਸ਼ਤੀ ਜ਼ਮੀਨਾਂ, ਜਾਇਦਾਦਾਂ, ਮਾਲ ਡੰਗਰ ਛੱਡ ਕੇ ਜਾਣ ਲਈ ਮਜਬੂਰ ਕਰ ਦਿੱਤਾ। ਆਪਣੀ ਜਨਮ ਭੂਮੀ ਦਾ ਮੋਹ ਉਨ੍ਹਾਂ ਨੂੰ ਰਹਿੰਦੀ ਉਮਰ ਤੱਕ ਵੀ ਸਤਾਉਂਦਾ ਰਿਹਾ। ਕਹਾਣੀ ਦੀ ਪਾਤਰ ਅਨੁਸਾਰ:

ਦਾਦੀ ਹਾਲੀ ਵੀ ਆਪਣੇ ਭਰੇ ਭੁਕੰਨੇ ਲੋਹੇ ਦੇ ਗਾਡਰਾਂ ਦੀ ਛੱਤ ਵਾਲੇ ਪੱਕੇ ਘਰ ਨੂੰ ਯਾਦ ਕਰ ਕਰ ਕੇ ਹਉਕੇ ਭਰਦੀ ਰਹਿੰਦੀ। ਤਾਈ ਆਪਣੇ ਨਵੇਂ ਪਾਏ ਘਰ ਦੀਆਂ ਗੱਲਾਂ ਕਰਦੀ ਰਹਿੰਦੀ, ਜਿਸ ਦੀ ਚੱਠ ਵੀ ਹਾਲੇ ਉਹਨੇ ਨਹੀਂ ਸੀ ਕੀਤੀ। ਮਾਂ ਸਭ ਤੋਂ ਲੁਕ ਲੁਕ ਆਪਣੇ ਭਰਾ ਲਈ ਰੋਂਦੀ ਰਹਿੰਦੀ।[7]

ਇਸ ਉਜਾੜੇ ਨੇ ਪੰਜਾਬ ਦੀ ਆਰਥਿਕਤਾ ਨੂੰ ਵੱਡੀ ਢਾਹ ਲਾਈ। ਹਰ ਬੰਦੇ ਨੂੰ ਆਪਣਾ ਜੀਵਨ ਮਿਆਰ ਹੇਠਾਂ ਲਿਆਉਣਾ ਪਿਆ। ਜਿਨ੍ਹਾਂ ਨੇ ਦੇਸੀ ਘਿਉ ਤੋਂ ਇਲਾਵਾ ਹੋਰ ਕੋਈ ਘਿਉ ਕਦੇ ਚੱਖ ਕੇ ਨਹੀਂ ਸੀ ਵੇਖਿਆ, ਉਨ੍ਹਾਂ ਨੂੰ ਮਜਬੂਰਨ ਆਪਣੀਆਂ ਆਦਤਾਂ ਬਦਲਣੀਆਂ ਪਈਆਂ ਸਨ। ਇਸੇ ਕਹਾਣੀ ਦੇ ਵਾਕ ਹਨ:

ਘਰ 'ਚ ਡਾਲਡੇ ਘਿਉ ਦੀ ਪੀਪੀ ਆ ਗਈ ਸੀ। ਤਾਈ, ਚਾਚੀ ਤੇ ਦਾਦੀ ਨੇ ਪਹਿਲਾਂ ਤਾਂ ਬੜਾ ਨੱਕ ਮਰੋੜਿਆ ਸੀ। ਘਿਉ ਨੂੰ ਵਾਰੀ-ਵਾਰੀ ਸਭ ਨੇ ਸੁੰਘਿਆ ਸੀ (ਦੇਸੀ ਘਿਉ ਖਾਣ ਦੀ ਆਦਤ ਸੀ)।[8]

CGCTA

ਕਹਾਣੀ ਦਾ ਬਿਰਤਾਂਤ ਮਨੁੱਖ ਦੀ ਸਧਾਰਨ ਲੋੜ ਤੇ ਸੰਵੇਦਨਾ ਦੇ ਸੂਖਮ ਅਹਿਸਾਸ ਨਾਲ ਉਦੋਂ ਜੁੜਦਾ ਹੈ, ਜਦੋਂ ਕੁੜੀ ਦੀ ਮਾਂ ਕਹਿੰਦੀ ਹੈ ਕਿ ਉਹ ਚੱਟੂ ਵਿੱਚ ਮਸਾਲਾ ਕੁੱਟੇਗੀ ਤੇ ਕੁੜੀ ਨੇ ਉਸ ਚੱਟੂ ਨੂੰ ਚੁੱਕ ਲਿਆ ਸੀ। ਉਹ ਇਸ ਚੱਟੂ ਨਾਲ ਇਸ ਤਰ੍ਹਾਂ ਮੋਹ ਪਾ ਲੈਂਦੀ ਹੈ ਕਿ ਆਪਣੇ ਤਾਏ ਦੇ ਆਖਣ 'ਤੇ ਵੀ ਉਸ ਨੂੰ ਨਹੀਂ ਛੱਡਦੀ। ਇੱਥੋਂ ਤੱਕ ਕਿ ਜਦੋਂ ਉਹ ਆਪਣੇ ਅਗਲੇ ਟਿਕਾਣੇ ਲਈ ਮਾਲ ਗੱਡੀ ਵਿੱਚ ਚੜ੍ਹ ਕੇ ਲੁਧਿਆਣੇ ਆ ਰਹੇ ਹੁੰਦੇ ਹਨ ਤਾਂ ਵੀ ਉਸ ਨੂੰ ਆਪਣੇ ਨਾਲ ਹੀ ਚੁੱਕੀ ਰੱਖਦੀ ਹੈ। ਇਸ ਕਹਾਣੀ ਵਿੱਚ ਸੁਖਵੰਤ ਕੌਰ ਮਾਨ ਸੰਕੇਤ ਕਰਦੀ ਹੈ ਕਿ ਮਜ਼ਹਬਾਂ, ਕੌਮਾਂ ਅਤੇ ਦੇਸ਼ਾਂ ਦੀ ਲੜਾਈ ਤੇ ਫ਼ਿਰਕੂ ਨਫ਼ਰਤ ਦੀ ਇਸ ਸਥਿਤੀ ਵਿੱਚ ਸਧਾਰਨ ਮਨੁੱਖ ਲਈ ਸਭ ਤੋਂ ਵੱਡਾ ਸੰਕਟ ਆਪਣੀਆਂ ਮੁਢਲੀਆਂ ਜ਼ਰੂਰਤਾਂ ਦੀ ਪੂਰਤੀ ਦਾ ਹੁੰਦਾ ਹੈ। ਹੌਲੀ-ਹੌਲੀ ਬਾਹਰਮੁਖੀ ਤਬਦੀਲੀ ਦੇ ਨਾਲ-ਨਾਲ ਲੋਕਾਂ ਦੇ ਅੰਤਰਮਨ ਵਿੱਚੋਂ ਪੁਰਾਣੇ ਜ਼ਖ਼ਮਾਂ ਦੀ ਚੀਸ ਘਟਣੀ ਸ਼ੁਰੂ ਹੋ ਚੁੱਕੀ ਸੀ। ਉਹ ਚੱਟੂ ਜਿਹੜਾ ਕਿਸੇ ਵੇਲੇ ਇਸ ਪਰਿਵਾਰ ਦੀ ਉਦਰ-ਪੂਰਤੀ ਦਾ ਸਾਧਨ ਬਣਿਆ ਸੀ, ਹੁਣ ਬੇਲੋੜਾ ਬਣਿਆ ਲੱਕੜਾਂ ਵਾਲੇ ਖੂੰਜੇ ਲੱਗਾ ਹੋਇਆ ਕਿਸੇ ਨੂੰ ਯਾਦ ਵੀ ਨਹੀਂ ਸੀ। ਭਾਵੇਂ ਬਦਲ ਰਹੇ ਸਮੇਂ ਅੰਦਰ ਕਹਾਣੀ ਦੇ ਅਖੀਰ ਵਿੱਚ ਇਸ ਚੱਟੂ ਦੀ ਕੋਈ ਅਹਿਮੀਅਤ ਨਹੀਂ ਰਹਿੰਦੀ ਤੇ ਉਸ ਨੂੰ ਦੋਫਾੜ ਕਰ ਦਿੱਤਾ ਜਾਂਦਾ ਹੈ, ਪਰ ਸਧਾਰਨ ਮਨੁੱਖ ਦੇ ਮਨ ਵਿੱਚ ਫ਼ਿਰਕੂਪੁਣੇ ਦਾ ਬੋਧ ਨਹੀਂ ਜਾਗਦਾ, ਕਿਉਂਕਿ ਉਸ ਦੇ ਸਭ ਤੋਂ ਵੱਡੀ ਚੁਣੌਤੀ ਜੀਵਨ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਬਣੀ ਰਹਿੰਦੀ ਹੈ।

ਇਸ ਤਰ੍ਹਾਂ ਹੀ ਉਸ ਦੀ ਕਹਾਣੀ 'ਜਿੱਤ' ਵੀ **1947** ਦੀ ਵੰਡ ਦੇ ਹਵਾਲੇ ਨਾਲ ਹੋਏ ਸਭਿਆਚਾਰਕ ਰੂਪਾਂਤਰਣ ਦਾ ਇੱਕ ਹੋਰ ਪੱਖ ਪੇਸ਼ ਕਰਦੀ ਹੈ। ਕਹਾਣੀ ਵਿੱਚ ਇੱਕ ਸਿੱਖ ਜ਼ਿਮੀਂਦਾਰ ਪਰਿਵਾਰ ਆਪਣਾ ਘਰ ਬਾਰ ਛੱਡ ਕੇ ਜਾ ਰਿਹਾ ਹੈ। ਇਹ ਕਹਾਣੀ ਇੱਧਰ ਪੁਨਰ ਸਥਾਪਿਤ ਹੋ ਚੁੱਕੇ ਪਰਿਵਾਰ ਅਤੇ ਪਾਕਿਸਤਾਨ ਵਿੱਚ ਰਹਿ ਰਹੇ ਮਰਾਸੀਆਂ ਦੇ ਪਰਿਵਾਰ ਦੇ ਵਿਰੋਧ ਅਤੇ ਪੱਖ ਅਤੇ ਪਰਸਪਰ ਟਕਰਾਉ ਵਿੱਚੋਂ ਅਰਥ ਗ੍ਰਹਿਣ ਕਰਦੀ ਹੈ। ਇਸ ਪਰਿਵਾਰ ਨੂੰ ਲੱਗਦਾ ਸੀ ਕਿ ਚਾਰ ਦਿਨਾਂ ਦਾ ਰੌਲਾ ਰੱਪਾ ਹੈ, ਮਾਹੌਲ ਸ਼ਾਂਤ ਹੋਣ 'ਤੇ ਉਨ੍ਹਾਂ ਨੇ ਫਿਰ ਵਾਪਿਸ ਆ ਜਾਣਾ ਹੈ। ਇਸ ਕਰਕੇ ਉਹ ਆਪਣੇ ਘਰ ਦਾ ਗ਼ੈਰਜ਼ਰੂਰੀ ਪਰ ਕੀਮਤੀ ਸਮਾਨ ਟਰੰਕਾਂ ਵਿੱਚ ਭਰ ਕੇ ਆਪਣੇ ਪਿੰਡ ਦੇ ਮਰਾਸੀਆਂ ਨੂੰ ਅਮਾਨਤ ਵਜੋਂ ਸੌਂਪ ਦਿੰਦੇ ਹਨ। ਇਸ ਕਹਾਣੀ ਦੇ ਵਾਕ ਹਨ:

CGCTA

ਪੰਦਰਾਂ ਅਗਸਤ ਤੋਂ ਪਹਿਲਾਂ ਹੀ ਜਦੋਂ ਪਤਾ ਲੱਗ ਗਿਆ ਕਿ ਪਾਕਿਸਤਾਨ ਬਣ ਜਾਣਾ ਏ, ਸਾਡਾ ਉੱਥੇ ਰਹਿਣਾ ਅਸੰਭਵ ਹੈ, ਤਾਂ ਦਾਦੀ ਜੀ ਨੇ ਆਪਣੀਆਂ ਨੂੰਹਾਂ ਨੂੰ ਕਿਹਾ ਕਿ ਉਹ ਆਪਣੇ ਦਾਜ ਤੇ ਵਰੀ ਦੇ ਕੀਮਤੀ ਕੱਪੜਿਆਂ ਦਾ ਇੱਕ ਇੱਕ ਟਰੰਕ ਤਿਆਰ ਕਰ ਲੈਣ। ਜਦ ਤਿੰਨ ਟਰੰਕ ਤਿਆਰ ਕਰ ਲਏ ਗਏ ਤਾਂ ਲਹਿਣੋ ਮਰਾਸਣ ਨੂੰ ਸੱਦਿਆ ਗਿਆ, ਅੱਧੀ ਕੁ ਰਾਤੀਂ ਉਹਦੇ ਤਿੰਨੇ ਪੁੱਤਰ ਆਏ। ਅੱਲਾ ਮੀਆਂ ਨੂੰ ਗਵਾਹ ਮਿਥ, ਅਮਾਨਤ ਵਿੱਚ ਖਿਆਨਤ ਨਾ ਕਰਨ ਦੀਆਂ ਸਹੁੰਆਂ ਖਾਂਦੇ ਟਰੰਕ ਸਿਰਾਂ 'ਤੇ ਚੁੱਕ ਆਪਣੇ ਘਰ ਲੈ ਗਏ। ਖਿਆਲ ਸੀ ਕਿ ਚਾਰ ਦਿਨਾਂ ਦਾ ਰੌਲਾ ਰੱਪਾ ਹੈ, ਠੰਡ ਠੰਡੀਰ ਹੋਣ ਉੱਤੇ ਆਪਣੇ ਘਰ ਮੁੜ ਆਉਣਾ ਹੈ।[9]

ਪੰਜਾਬ ਵਿੱਚ ਆ ਕੇ ਭਾਵੇਂ ਇਹ ਪਰਿਵਾਰ ਆਪਣੀ ਜ਼ਿੰਦਗੀ ਨੂੰ ਸਧਾਰਨ ਤੋਰੇ ਤੋਰ ਲੈਂਦਾ ਹੈ ਤਾਂ ਵੀ ਵਾਰ ਵਾਰ ਘਰਦਿਆਂ ਨੂੰ ਰਹਿ ਗਏ ਸਮਾਨ ਦੀ ਯਾਦ ਆਉਂਦੀ ਹੈ। ਲਹਿਣੋ ਮਰਾਸਣ ਦਾ ਵਿਚਕਾਰਲਾ ਪੁੱਤਰ ਅੱਲਾ ਰੱਖਾ ਜਿਸ ਨਾਲ ਭਾਈਚਾਰਕ ਸਾਂਝ ਤਾਂ ਸੀ ਹੀ ਅਰਥਚਾਰੇ ਦੀ ਵੀ ਸਾਂਝ ਸੀ, ਜਿਸ ਨੂੰ ਇਹ ਸਭ ਕੁਝ ਸੌਂਪ ਕੇ ਆਏ ਸਨ, ਉਸ ਦਾ ਜਦੋਂ ਹਿੰਦੁਸਤਾਨ ਦਾ ਵੀਜ਼ਾ ਲੱਗਦਾ ਹੈ ਤਾਂ ਉਹ ਆ ਕੇ ਸਭ ਕੁਝ ਦੱਸਦਾ ਹੈ ਕਿ ਉਹ ਉਨ੍ਹਾਂ ਦੀ ਅਮਾਨਤ ਸੰਭਾਲ ਨਹੀਂ ਸਕੇ। ਉਨ੍ਹਾਂ ਨੂੰ ਚੋਰ ਸਮਝਿਆ ਗਿਆ। ਉਨ੍ਹਾਂ ਦੇ ਘਰਾਂ ਵਿੱਚੋਂ ਸਮਾਨ ਜ਼ਬਰਦਸਤੀ ਲੈ ਲਿਆ ਗਿਆ ਤੇ ਪੁਲਿਸ ਨੇ ਉਨ੍ਹਾਂ ਨਾਲ ਬੁਰਾ ਸਲੂਕ ਕੀਤਾ। ਅੱਲਾ ਰੱਖਾ ਦੇ ਸ਼ਬਦਾਂ ਵਿੱਚ:

ਜਦੋਂ ਸਾਰਾ ਮਾਲ ਲੁੱਟ ਘੱਤਾ ਤਾਂ ਸਰਕਾਰੀ ਹੁਕਮ ਚੜ੍ਹ ਆਇਆ। ਮਰਾਸੀਆਂ ਤੇ ਹੋਰ ਕੰਮੀ ਕਮੀਨਾਂ ਨੂੰ ਸੱਦ ਥਾਣੇਦਾਰ ਨੇ ਬਹਾ ਲਿਆ, ਅਖੇ ਸਰਦਾਰ ਤੇ ਤੁਹਾਨੂੰ ਆਪਣਾ ਮਾਲ ਦੇ ਗਏ ਨੇ। ਅਸੀਂ ਬੜੇ ਤਰਲੇ ਪਾਏ, ਪਈ ਉਹ ਸਾਨੂੰ ਕੁਝ ਨਹੀਂ ਦੇ ਕੇ ਗਏ। ਉਹ ਮੰਨਣ ਹੀ ਕਿੱਥੇ। ਸਾਡੇ ਲੋਕਾਂ ਉੱਤੇ ਉਹ ਕਹਿਰ ਟੁੱਟਾ ਪਈ ਰਹੇ ਰੱਬ ਦਾ ਨਾਂ। ਠੁੱਡੇ, ਧੱਕੇ, ਬੈਂਤ...। ਅੱਲਾ ਰੱਖਾ ਜਿਵੇਂ ਹਾਲੀਂ ਵੀ ਤ੍ਰਹਿ ਰਿਹਾ ਸੀ।[10]

ਇਸ ਤਰ੍ਹਾਂ ਇਹ ਕਹਾਣੀ ਜਿੱਥੇ ਇੱਕ ਪਾਸੇ ਉਜਾੜੇ ਦੀ ਮਾਰ ਸਹਿ ਰਹੇ ਲੋਕਾਂ ਦੀ ਸੰਕਟਗ੍ਰਸਤ ਸਥਿਤੀ ਨਾਲ ਸੰਬੰਧਤ ਹੈ, ਉੱਥੇ ਸੰਯੁਕਤ ਸਭਿਆਚਾਰਾਂ ਵਿਚਲੀ ਭਾਈਚਾਰਕ ਸਾਂਝ ਨੂੰ ਵੀ ਉਭਾਰਦੀ ਹੈ। ਸਥਿਤੀਆਂ ਦੇ ਬਦਲਣ ਨਾਲ ਪਾਕਿਸਤਾਨ ਵਿੱਚ ਮਿਰਾਸੀਆਂ ਦੇ ਪਰਿਵਾਰ ਕੋਲ ਛੱਡ ਗਏ ਮਾਲ ਦਾ ਝੋਰਾ ਖੁਸ਼ੀ ਅਤੇ ਜਿੱਤ ਵਿੱਚ ਬਦਲ ਜਾਂਦਾ ਹੈ। ਜਦੋਂ ਪਤਾ ਲੱਗਦਾ ਹੈ ਕਿ ਇਹ ਮਿਰਾਸੀ ਅਜੇ ਵੀ ਉਨ੍ਹਾਂ ਨੂੰ ਸਾਡੇ ਸਰਦਾਰ ਕਹਿ ਕੇ ਹੀ ਯਾਦ

ਕਰਦੇ ਹਨ। ਅੱਲਾ ਰੱਖਾ ਦੱਸਦਾ ਹੈ ਕਿ ਪੂਰਬੀ ਪੰਜਾਬ ਵਿੱਚ ਗਏ ਲੋਕ (ਜ਼ਿਮੀਂਦਾਰ) ਕਿਵੇਂ ਉਨ੍ਹਾਂ ਨਾਲ ਵਿਤਕਰਾ ਕਰਦੇ ਹਨ ਅਤੇ ਉਨ੍ਹਾਂ ਨੂੰ ਅਲਾਟ ਹੋਏ ਖੇਤਾਂ ਵਿੱਚ ਵੜਨ ਨਹੀਂ ਦਿੰਦੇ, ਹਾਲਾਂਕਿ ਅੱਲਾ ਰੱਖਾ ਦੇ ਪਹਿਲੇ ਮਾਲਕ ਸਰਦਾਰ ਸਨ ਅਤੇ ਨਵੇਂ ਮੁਸਲਮਾਨ ਸਨ। ਹਿੰਦੁਸਤਾਨ ਆ ਕੇ ਉਹ ਆਪਣੇ ਸਰਦਾਰਾਂ ਨੂੰ ਸਭ ਕੁਝ ਦੱਸਦਾ ਹੈ:

ਜਦੋਂ ਦੀ ਉਨ੍ਹਾਂ ਨੂੰ ਭੋਇੰ ਅਲਾਟ ਹੋਈ ਹੈ, ਸਾਡਾ ਤਾਂ ਜਿਊਣਾ ਹਰਾਮ ਕੀਤਾ ਹੋਇਆ ਉਨ੍ਹਾਂ ਨੇ। ਗੰਨੇ, ਸਾਗ, ਸਬਜ਼ੀ ਦੇ ਨੇੜੇ ਨਹੀਂ ਲੱਗਣ ਦਿੰਦੇ। ਨਿੱਕਾ ਇੱਕ ਦਿਨ ਗੰਨਾ ਪੁੱਟ ਬੈਠਾ। ਵੱਟ ਉੱਤੇ ਪਟਕਾਅ ਪਟਕਾਅ ਕੇ ਮਾਰਿਆ ਅਗਲਿਆਂ ਨੇ... ਅਸੀਂ ਤਾਂ ਰੋਨੇ ਆਂ ਸਰਦਾਰ ਜੀ, ਸਾਡੇ ਸਰਦਾਰ ਏਧਰ ਆ ਗਏ ਸਾਡਾ ਰਿਜ਼ਕ ਵੀ ਨਾਲ ਲੈ ਆਏ।[11]

ਅੱਲਾ ਰੱਖਾ ਦੇ ਇਹ ਦਰਦ ਭਰੇ ਬੋਲ ਅਤੇ ਉਨ੍ਹਾਂ ਨੂੰ ਹਾਲੇ ਵੀ ਆਪਣਾ ਸਰਦਾਰ ਕਹਿਣ ਕਰਕੇ ਸਥਿਤੀਆਂ ਉਲਟ ਦਿੰਦੇ ਹਨ ਤੇ ਬਾਪੂ ਜੀ ਨੂੰ ਆਪਣੀ ਜਿੱਤ ਨਜ਼ਰ ਆਉਂਦੀ ਹੈ। ਉਹ ਅੱਲਾ ਰੱਖਾ ਨੂੰ ਬੜੇ ਮਾਣ ਨਾਲ ਵਚਨ ਦਿੰਦੇ ਹਨ ਕਿ ਉਹ ਉਸ ਦੀ ਮਦਦ ਜ਼ਰੂਰ ਕਰਨਗੇ:

ਸਹੁਰੀ ਹੋ ਗਈ ਅਮਾਨਤ ਤੂੰ ਕਿਉਂ ਰੋਂਦਾ ਵੇ ਕਮਲਿਆ।... ਕਰਤਾਰ ਕੌਰੇ ਆਪਾਂ ਦੋ ਸੂਟ ਵਧੀਆ ਉੱਤੇ ਖੇਸ, ਅੱਲਾ-ਰੱਖੇ ਨੂੰ ਤੇ ਦੋ ਸੂਟ ਲਿਲਨ ਦੇ ਘੱਲਣੇ ਨੇ ਤੇ ਧੀਆਂ ਲਈ ਬਾਪੂ ਜੀ ਨੇ ਹੁੱਬ ਕੇ ਚੌਂਕੇ ਵਿੱਚ ਕੰਮ ਕਰਦੀ ਮਾਂ ਨੂੰ ਦੱਸਿਆ ਸੀ।[12]

ਇਸ ਤਰ੍ਹਾਂ ਦਿਲ ਵਿੱਚ ਆਪਣੀ ਜ਼ਮੀਨ, ਘਰ ਅਤੇ ਕੱਪੜਿਆਂ ਦੇ ਵਿਗੋਚੇ ਦੇ ਬਾਵਜੂਦ ਸੁਖਵੰਤ ਕੌਰ ਮਾਨ ਦੀ ਇਹ ਕਹਾਣੀ ਟੁੱਟਦੇ ਹੋਏ ਰਿਸ਼ਤਿਆਂ ਨੂੰ ਦੁਬਾਰਾ ਗੰਢਦੀ ਹੈ ਤੇ ਉਨ੍ਹਾਂ ਵਿੱਚ ਅਪਣੱਤ ਭਰੀ ਜਾਂਦੀ ਹੈ।

CGCTA

**ਹਵਾਲੇ:**

**1.** ਗੁਰਚਰਨ ਸਿੰਘ ਬਰਾੜ਼ਾ, ਭਾਰਤੀ ਆਜ਼ਾਦੀ ਦਾ ਅੰਦੋਲਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, **1975,** ਪੰਨਾ-**300**

**2.** ਕਰਮ ਸਿੰਘ, **1947** ਦਾ ਘੱਲੂਘਾਰਾ, ਸੇਵਕ ਸਾਹਿਤ ਪ੍ਰਕਾਸ਼ਨ, ਦਿੱਲੀ, **1955,** ਪੰਨਾ-**9**

**3.** ਧਨਵੰਤ ਕੌਰ, ਪੰਜਾਬੀ ਕਹਾਣੀ ਸ਼ਾਸਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, **2003,** ਪੰਨਾ-**226**

**4.** ਸੁਖਵੰਤ ਕੌਰ ਮਾਨ, ਮਨਮਤੀਆਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, **2002,** ਪੰਨਾ-**212**

**5.** ਉਹੀ, ਪੰਨਾ-**212**

**6.** ਉਹੀ, ਪੰਨਾ-**215**

**7.** ਉਹੀ, ਪੰਨਾ-**215**

**8.** ਉਹੀ, ਪੰਨਾ **215**

**9.** ਉਹੀ, ਪੰਨਾ **241**

**10.** ਉਹੀ, ਪੰਨਾ **243**

**11.** ਉਹੀ, ਪੰਨਾ **244**

**12.** ਉਹੀ, ਪੰਨਾ **245**

CGCTA